**PUNJAB**
**News**

**PUNJABI**

**PUNJABI TRIBUNE**
**Chandigarh**

**APRIL 2010**

ਲੋਕ ਆਵਾਜ਼


ਪੰਜਾਬੀ ਟ੍ਰਿਬਿਊਨ

Chandigarh

# ਇਹ ਕਿਸ ਮਾਂ ਦੇ ਜਿਗਰ ਦਾ ਟੁਕੜਾ ਹੈ ?

## ਮਨਸੂਰ ਰਿਜ਼ਵੀ ਨੂੰ ਤਲਾਸ਼ ਹੈ ਏਸ ਗੱਭਰੂ ਦੇ ਮਾਪਿਆਂ ਦੀ

ਡੇਰਾਬੱਸੀ, 2 ਅਪ੍ਰੈਲ (ਸ਼ਾਮ ਸਿੰਘ ਸੰਧੂ)-ਸ਼ਰਧਾ ਰੀਹੈਬੀਲੀਟੇਸ਼ਨ ਫ਼ਾਊਂਡੇਸ਼ਨ, ਮੁੰਬਈ ਦੇ ਨੁਮਾਇੰਦੇ ਮਨਸੂਰ ਰਿਜ਼ਵੀ ਨੂੰ ਕਰੀਬ 20 ਸਾਲ ਦੇ ਨੌਜਵਾਨ (ਜੋ ਕਿ ਆਪਣਾ ਨਾਂਅ ਮੱਖਣ ਸਿੰਘ ਦੱਸਦਾ ਹੈ ) ਦੇ ਮਾਪਿਆਂ ਜਾਂ ਸੱਕੇ ਸਬੰਧੀਆਂ ਦੀ ਤਲਾਸ਼ ਹੈ। ਸ੍. ਰਿਜ਼ਵੀ ਅਨੁਸਾਰ ਉਨ੍ਹਾਂ ਨੂੰ ਇਹ ਨੌਜਵਾਨ ਕਰੀਬ ਢਾਈ ਮਹੀਨੇ ਪਹਿਲਾਂ ਮੁੰਬਈ ਸਥਿਤ ਬੋਰੀਵਲੀ, ਮਲਾਢ ਇਲਾਕੇ ਤੋਂ ਲਾਵਾਰਿਸ ਮਿਲਿਆ ਸੀ ਤੇ ਉਸ ਵੇਲੇ ਇਸ ਦੀ ਦਿਮਾਗੀ ਹਾਲਤ ਬਹੁਤ ਹੀ ਖ਼ਰਾਬ ਸੀ। ਉਨ੍ਹਾਂ ਦੱਸਿਆ ਕਿ ਸ਼ਰਧਾ ਰੀਹੈਬੀਲੀਟੇਸ਼ਨ ਫ਼ਾਊਂਡੇਸ਼ਨ ਵੱਲੋਂ ਆਪਣੇ ਰੀਹੈਬੀਲੀਟੇਸ਼ਨ ਸੈਂਟਰ, ਕਰਜ਼ਟ (ਈਸਟ) ਜ਼ਿਲ੍ਹਾ ਰਾਏਗੜ੍ਹ, ਮਹਾਂਰਾਸ਼ਟਰ ਵਿਖੇ ਇਸ ਦਾ ਇਲਾਜ ਕਰਵਾਇਆ ਤੇ ਇਸੇ ਹੀ ਦੌਰਾਨ ਇਸ ਨੇ ਦਿਮਾਗੀ ਰੋਗਾਂ ਦੀ ਮਾਹਰ ਡਾ: ਰੂਪਾ ਨੂੰ ਦੱਸਿਆ ਕਿ ਇਹ ਫਤਿਹਗੜ੍ਹ ਸਾਹਿਬ, ਸਰਹੰਦ, ਗੋਬਿੰਦਗੜ੍ਹ, ਬਸੀ ਪਠਾਣਾ ਦਾ ਰਹਿਣ ਵਾਲਾ ਹੈ ਤੇ ਸਿੱਖ ਪਰਿਵਾਰ ਨਾਲ ਸਬੰਧ ਰੱਖਦਾ ਹੈ। ਉਨ੍ਹਾਂ ਦੱਸਿਆ ਕਿ ਮੱਖਣ ਕਈ ਵਾਰ ਖਮਾਣੋਂ, ਮੁਰਿੰਡਾ, ਰਾਜਪੁਰਾ ਆਦਿ ਸ਼ਹਿਰਾਂ ਦੇ ਨਾਂਅ ਲੈਂਦਾ ਹੈ। ਮਿਲੀ ਜਾਣਕਾਰੀ ਦੇ ਆਧਾਰ 'ਤੇ ਹੀ ਇਸ ਨੂੰ ਪੰਜਾਬ ਲਿਆਂਦਾ ਗਿਆ ਹੈ ਅਤੇ ਮਾਪੇ ਨਾ ਮਿਲਣ ਦੀ ਸੂਰਤ ਵਿਚ ਦੁਬਾਰਾ ਮੁੰਬਈ ਲਿਜਾਇਆ ਜਾਵੇਗਾ। ਮੱਖਣ ਸਿੰਘ ਸਬੰਧੀ ਕਿਸੇ ਕਿਸਮ ਦੀ ਵੀ ਜਾਣਕਾਰੀ ਹਾਸਲ ਕਰਨ ਜਾਂ ਦੇਣ ਲਈ ਮੋਬਾਈਲ ਨੰ : 09595659937 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਸ਼ਰਧਾ ਰੀਹੈਬੀਲੀਟੇਸ਼ਨ ਫ਼ਾਊਂਡੇਸ਼ਨ, ਮੁੰਬਈ ਦੇ ਨੁਮਾਇੰਦੇ ਮਨਸੂਰ ਰਿਜ਼ਵੀ ਨੌਜਵਾਨ ਮੱਖਣ ਸਿੰਘ ਨਾਲ। ਤਸਵੀਰ-ਸ਼ਾਮ ਸਿੰਘ ਸੰਧੂ

# PUNJABI TRIBUNE
## Chandigarh October 2010

This patient was a major turning point in the learning curve of Shraddha.

He was with us for over a year. None of us could understand his dialect. Another patient who was brought from Chennai Mental Hospital happened to befriend him. That patient informed us that this patient's dialect was from a particular district in Punjab, wherein Punjabi was spoken differently. This patient was ultimately reunited with his family, who were so overjoyed that they gave a donation of Rs 1000/-.

We at Shraddha felt guilty that we had held on to a patient for over a year for no fault of his. We did not have staff which could understand his dialect. And we had deprived the patient & his family the emotional joy of the reunion.

The fault lay at our doorstep.

ਪੰਜਾਬੀ ਟ੍ਰਿਬਿਊਨ
ਚੰਡੀਗੜ੍ਹ
ਬੁੱਧਵਾਰ, 20 ਅਕਤੂਬਰ, 2010

# ਮੁੰਬਈ 'ਚ ਘੁੰਮਦੇ ਸ਼ਖ਼ਸ ਦਾ ਵਾਲੀਵਾਰਸ ਕੌਣ?


## ਸਮਾਜ ਸੇਵੀ ਸੰਸਥਾ ਮਾਨਸਿਕ ਰੋਗੀ ਨੂੰ ਛੱਡਣ ਪੰਜਾਬ ਪੁੱਜੀ

ਪੱਤਰ ਪ੍ਰੇਰਕ

**ਡੇਰਾਬਸੀ, 19 ਅਕਤੂਬਰ**

'ਸ਼ਰਧਾ ਰੀਹੈਬਲੀਟੇਸ਼ਨ ਫਾਊਂਡੇਸ਼ਨ' ਵੱਲੋਂ ਮੁੰਬਈ 'ਚ ਘੁੰਮਦੇ ਮਾਨਸਿਕ ਰੋਗੀ ਦਾ ਇਲਾਜ ਕਰਕੇ ਠੀਕ ਕਰਨ ਦਾ ਦਾਅਵਾ ਕੀਤਾ ਗਿਆ ਹੈ। ਫਾਊਂਡੇਸ਼ਨ ਦੇ ਅਹੁਦੇਦਾਰਾਂ ਦਾ ਕਹਿਣਾ ਹੈ ਕਿ ਇਹ ਵਿਅਕਤੀ ਡੇਰਾਬਸੀ ਦੇ ਨੇੜਲੇ ਕਿਸੇ ਪਿੰਡ ਦਾ ਹੈ। ਫਾਊਂਡੇਸ਼ਨ ਦੇ ਦੋ ਅਹੁਦੇਦਾਰ ਅੱਜ-ਕੱਲ੍ਹ ਡੇਰਾਬਸੀ ਵਿਖੇ ਠੀਕ ਹੋਏ ਵਿਅਕਤੀ ਨੂੰ ਸੌਂਪਣ ਲਈ ਆਏ ਹੋਏ ਹਨ।

ਫਾਊਂਡੇਸ਼ਨ ਦੇ ਮੈਂਬਰ ਮਸੁਰ ਰਿਜਵੀ ਤੇ ਜੋਮਾ ਮਸਤੀ ਨੇ ਦੱਸਿਆ ਕਿ ਤਕਰੀਬਨ ਢਾਈ ਮਹੀਨੇ ਪਹਿਲਾਂ ਉਨ੍ਹਾਂ ਨੂੰ ਇਹ ਵਿਅਕਤੀ ਮਾਨਸਿਕ ਤੌਰ 'ਤੇ ਬਿਮਾਰੀ ਦੀ ਹਾਲਤ 'ਚ ਨਵੀਂ ਮੁੰਬਈ ਦੇ ਪਨਵੈਲ ਇਲਾਕੇ 'ਚ ਘੁੰਮਦਾ ਮਿਲਿਆ ਸੀ। ਇਸ ਤੋਂ ਬਾਅਦ ਸੰਸਥਾ ਨੇ ਇਲਾਜ ਕੀਤਾ ਤੇ ਹੁਣ ਉਹ ਇਸ ਨੂੰ ਇਸ ਦੇ ਵਾਰਸਾਂ ਦੇ ਹਵਾਲੇ ਕਰਨ ਆਏ ਹਨ। ਉਨ੍ਹਾਂ ਦੱਸਿਆ ਕਿ ਇਸ ਵਿਅਕਤੀ ਨੇ ਆਪਣਾ ਨਾਂ ਮਨਦੀਪ ਸਿੰਘ, ਮਾਤਾ ਦਾ ਨਾਂ ਸੁਰਜੀਤ ਕੌਰ ਤੇ ਪਿਤਾ ਦਾ ਨਾਂ ਗੁਲਜਾਰ ਵਾਸੀ ਬਹੇੜਾ ਦੱਸਿਆ ਹੈ। ਇਹ ਜਾਣਕਾਰੀ ਮਿਲਣ ਤੋਂ ਬਾਅਦ ਉਨ੍ਹਾਂ ਨੇ ਇਸ ਨਾਂ ਦੇ ਪਿੰਡ ਦੀ ਇੰਟਰਨੈੱਟ 'ਤੇ ਭਾਲ ਕੀਤੀ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਜ਼ਿਲ੍ਹਾ ਮੁਹਾਲੀ 'ਚ ਡੇਰਾਬਸੀ ਦੇ ਨੇੜੇ ਇਸ ਦੇ ਮਿਲਦੇ-ਜੁਲਦੇ ਨਾਂ ਦੇ ਕਈ ਪਿੰਡ ਹਨ। ਇਸ 'ਤੇ ਉਹ ਦੋਵੇਂ ਜਣੇ ਉਕਤ ਵਿਅਕਤੀ ਨੂੰ ਨਾਲ ਲੈ 15 ਅਕਤੂਬਰ ਸ਼ਾਮ ਨੂੰ ਡੇਰਾਬਸੀ ਪੁੱਜ ਗਏ। ਉਨ੍ਹਾਂ ਦੱਸਿਆ ਕਿ ਉਹ ਡੇਰਾਬਸੀ ਦੇ ਪਿੰਡ ਬਹੇੜਾ, ਬਹੋੜਾਂ, ਬਹੋੜੀ ਸਮੇਤ ਕਈ ਹੋਰ ਪਿੰਡਾਂ 'ਚ ਇਸ ਵਿਅਕਤੀ ਨੂੰ ਲੈ ਕੇ ਗਏ ਸਨ ਪਰ ਇਸ ਦੀ ਪਛਾਣ ਕਰਨ ਵਾਲਾ ਕੋਈ ਨਹੀਂ ਮਿਲਿਆ। ਉਨ੍ਹਾਂ ਦੱਸਿਆ ਕਿ ਹੁਣ ਉਹ ਆਪਣਾ ਪਿੰਡ ਜਗਰਾਉ ਦੱਸਣ ਲੱਗ ਪਿਆ ਹੈ। ਇਹ ਲੋਕ ਡੇਰਾਬਸੀ-ਬਰਵਾਲਾ ਸੜਕ 'ਤੇ ਸਟਾਰ ਗੈਸਟ ਹਾਊਸ 'ਚ ਠਹਿਰੇ ਹੋਏ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਇਸ ਵਿਅਕਤੀ ਬਾਰੇ ਕਿਸੇ ਨੂੰ ਕੁਝ ਪਤਾ ਲੱਗਦਾ ਹੈ ਤਾਂ ਉਹ 09765480484 ਨੰਬਰ 'ਤੇ ਸੰਪਰਕ ਕਰਕੇ ਜਾਣਕਾਰੀ ਦੇ ਸਕਦੇ ਹਨ।



ਫਾਊਂਡੇਸ਼ਨ ਦੇ ਮੈਂਬਰ ਡੇਰਾਬਸੀ 'ਚ ਜਾਣਕਾਰੀ ਦਿੰਦੇ ਹੋਏ

PUNJAB
News

PUNJABI

PUNJABI TRIBUNE
Sangrur

APRIL 2022


ਲੋਕ ਆਵਾਜ਼

# ਪੰਜਾਬੀ ਟ੍ਰਿਬਿਊਨ

PUNJABI TRIBUNE ■ TUESDAY, APRIL 19, 2022

ਪਟਿਆਲਾ/ਸੰਗਰੂਰ


## ਸਾਢੇ ਤਿੰਨ ਸਾਲ ਤੋਂ ਵਿਛੜਿਆ ਉਸਮਾਨ ਪਰਿਵਾਰ ਨੂੰ ਮਿਲਿਆ

### ਪੁੱਤਰ ਦੇ ਮਿਲਣ ਨਾਲ ਖੁਸ਼ੀ ਵਿੱਚ ਖੀਵੇ ਹੋਏ ਮਾਪੇ ਤੇ ਰਿਸ਼ਤੇਦਾਰ

ਹੁਸ਼ਿਆਰ ਸਿੰਘ ਰਾਣੂ

ਮਾਲੇਰਕੋਟਲਾ, 18 ਅਪਰੈਲ

ਮਾਨਸਿਕ ਤੌਰ 'ਤੇ ਬਿਮਾਰ ਨੌਜਵਾਨ ਉਸਮਾਨ, ਜੋ ਕਰੀਬ ਸਾਢੇ ਤਿੰਨ ਸਾਲ ਪਹਿਲਾਂ ਉੱਤਰ ਪ੍ਰਦੇਸ਼ 'ਚ ਮੇਲੇ 'ਤੇ ਗਿਆ ਲਾਪਤਾ ਹੋ ਗਿਆ ਸੀ, ਅੱਜ ਮੁੰਬਈ ਦੀ ਸਮਾਜ ਸੇਵੀ ਸੰਸਥਾ ਦੀ ਬਦੌਲਤ ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਨੂੰ ਮਿਲ ਗਿਆ। ਉਸਮਾਨ ਦੇ ਪਰਿਵਾਰ ਤੇ ਰਿਸ਼ਤੇਦਾਰਾਂ ਨੇ ਸਮਾਜ ਸੇਵੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਰਮਜ਼ਾਨ ਦੇ ਮਹੀਨੇ ਉਸਮਾਨ ਦੇ ਮਿਲਣ ਨਾਲ ਉਨ੍ਹਾਂ ਦੀਆਂ ਖੁਸ਼ੀਆਂ 'ਚ ਵਾਧਾ ਹੋਇਆ ਹੈ ਕਿਉਂਕਿ ਉਹ ਇਸ ਵਾਰ ਉਸਮਾਨ ਨਾਲ ਰਲ ਕੇ ਈਦ ਮਨਾਉਣਗੇ। ਉਸਮਾਨ ਨੂੰ ਮਾਲੇਰਕੋਟਲਾ



ਉਸਮਾਨ ਨੂੰ ਪਰਿਵਾਰ ਤੇ ਰਿਸ਼ਤੇਦਾਰਾਂ ਨੂੰ ਸੌਂਪਦੇ ਹੋਏ ਸਮਾਜ ਸੇਵੀ ਸੰਸਥਾ ਦੇ ਆਗੂ।

ਛੱਡਣ ਆਏ ਮੁੰਬਈ ਸਥਿਤ ਸਮਾਜ ਸੇਵੀ ਸੰਸਥਾ ਸ਼ਾਰਦਾ ਫਾਊਂਡੇਸਨ ਟਰੱਸਟ ਦੇ ਆਗੂ ਡਾਕਟਰ ਭਰਤ ਵੈਟਵਾਨੀ ਅਤੇ ਸਮਾਜ ਸੇਵੀ ਰਾਕੇਸ਼ ਕੁਮਾਵਤ ਨੇ ਦੱਸਿਆ ਕਿ ਉਸਮਾਨ ਨੂੰ ਰਾਜਸਥਾਨ ਦੀ ਸੰਸਥਾ 'ਆਪਣਾ ਘਰ' ਨੇ ਇਲਾਜ ਲਈ ਉਨ੍ਹਾਂ ਦੀ ਸੰਸਥਾ ਸ਼ਾਰਦਾ ਫਾਊਂਡੇਸ਼ਨ ਟਰੱਸਟ ਮੁੰਬਈ ਵਿੱਚ ਭੇਜਿਆ ਸੀ। ਸੰਸਥਾ ਵੱਲੋਂ ਉਸਮਾਨ ਦਾ ਦੋ ਸਾਲ ਤੋਂ ਇਲਾਜ ਕਰਵਾਇਆ ਜਾ ਰਿਹਾ ਹੈ, ਜੋ ਅਜੇ ਵੀ ਜਾਰੀ ਹੈ। 10 ਕੁ ਦਿਨਾਂ ਪਹਿਲਾਂ ਉਨ੍ਹਾਂ ਨੂੰ ਪਤਾ ਲੱਗਿਆ ਸੀ ਉਸਮਾਨ ਪੰਜਾਬ ਦੇ ਮਾਲੇਰਕੋਟਲਾ ਸ਼ਹਿਰ ਦਾ ਰਹਿਣ ਵਾਲਾ ਹੈ ਅਤੇ ਉਨ੍ਹਾਂ ਉਸ ਨੂੰ ਘਰ ਪਹੁੰਚਾਉਣ ਲਈ ਯਤਨ ਕੀਤੇ। ਉਨ੍ਹਾਂ ਮਾਲੇਰਕੋਟਲਾ ਦੀ ਡਾ. ਬੀ.ਆਰ.ਅੰਬੇਡਕਰ ਅਵੇਅਰਨੈੱਸ ਸੁਸਾਇਟੀ ਮਾਲੇਰਕੋਟਲਾ ਦੇ ਆਗੂਆਂ ਰਮਨ ਚੱਢਾ ਅਤੇ ਵਿਸ਼ਾਲ ਟਾਂਕ ਨਾਲ ਸੰਪਰਕ ਕੀਤਾ ਤੇ ਇੱਥੇ ਪੁੱਜ ਕੇ ਇਨ੍ਹਾਂ ਦੇ ਸਹਿਯੋਗ ਸਦਕਾ ਉਸਮਾਨ ਦੇ ਮਾਲੇਰਕੋਟਲਾ ਸਥਿਤ ਰਿਸ਼ਤੇਦਾਰ ਜੀਰੂ ਢਾਬੇ ਵਾਲੇ ਨਾਲ ਸੰਪਰਕ ਕਰਕੇ ਪਤਵੰਤੇ ਵਿਅਕਤੀਆਂ ਦੀ ਮੌਜੂਦਗੀ ਵਿੱਚ ਉਸਮਾਨ ਨੂੰ ਉਸ ਦੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਸੌਂਪ ਦਿੱਤਾ ਹੈ।